| ਪਾਲਸੀ: | | |
|---|---|---|
| **ਚਾਰਜ ਅਸੈੱਸਮੈਂਟ ਗਾਈਡਲਾਈਨਾਂ** | | |
| ਪਾਲਸੀ ਕੋਡ: | ਲਾਗੂ ਹੋਣ ਦੀ ਤਾਰੀਕ: | ਕਰੌਸ-ਰੈਫਰੈਂਸਿਜ਼: |
| **CHA 1** | 15 ਜਨਵਰੀ, 2021 | ABD 1 BAI 1 CHA 1.1 CHI 1 ELD 1 HAT 1 IPV 1 VUL 1 |

## ਚਾਰਜ ਅਸੈੱਸਮੈਂਟ ਦਾ ਕੰਮ

ਮੁਕੱਦਮਾ ਸ਼ੁਰੂ ਕਰਨ ਜਾਂ ਜਾਰੀ ਰੱਖਣ ਦਾ ਫੈਸਲਾ ਕਰਾਊਨ ਕੌਂਸਲ (ਸਰਕਾਰੀ ਵਕੀਲ) ਦੇ ਸਭ ਤੋਂ ਜ਼ਿਆਦਾ ਮਹੱਤਵਪੂਰਨ ਫਰਜ਼ਾਂ ਵਿੱਚੋਂ ਇਕ ਹੈ। *ਕਰਾਊਨ ਕੌਂਸਲ ਐਕਟ* ਕਰਾਊਨ ਕੌਂਸਲ ਨੂੰ ਅਸਿਸਟੈਂਟ ਡਿਪਟੀ ਅਟਾਰਨੀ ਜਨਰਲ (ਏ ਡੀ ਏ ਜੀ) ਦੀ ਸੇਧ ਹੇਠ ਇਹ ਕਰਨ ਦਾ ਅਧਿਕਾਰ ਦਿੰਦਾ ਹੈ, “ਸਾਰੀ ਢੁਕਵੀਂ ਜਾਣਕਾਰੀ ਅਤੇ ਪੇਪਰਾਂ ਦੀ ਜਾਂਚ ਕਰਨ ਅਤੇ ਜਾਂਚ ਕਰਨ ਤੋਂ ਬਾਅਦ, ਕਿਸੇ ਵੀ ਜੁਰਮ ਜਾਂ ਜੁਰਮਾਂ ਨੂੰ ਮੁਕੱਦਮੇ ਲਈ ਪ੍ਰਵਾਨ ਕਰਨ ਦਾ ਜਿਸ ਨੂੰ ਕਰਾਊਨ ਕੌਂਸਲ ਢੁਕਵਾਂ ਸਮਝਦਾ ਹੈ” (ਸੈਕਸ਼ਨ 4(3)(ਏ))। ਇਹ ਕੰਮ ਕਰਨ ਲਈ ਕਰਾਊਨ ਕੌਂਸਲ ਤੋਂ ਸਾਰੇ ਪੱਖਪਾਤਾਂ ਅਤੇ ਗਲਤ ਮੰਤਵਾਂ ਤੋਂ ਆਜ਼ਾਦ ਹੋ ਕੇ ਕੰਮ ਕਰਨ ਦੀ ਸੰਵਿਧਾਨਕ ਮੰਗ ਕੀਤੀ ਜਾਂਦੀ ਹੈ। ਕਰਾਊਨ ਕੌਂਸਲ ਦੀ ਆਜ਼ਾਦੀ ਦੀ ਤਸਦੀਕ *ਕਰਾਊਨ ਕੌਂਸਲ ਐਕਟ* ਦਾ ਸੈਕਸ਼ਨ 5 ਕਰਦਾ ਹੈ, ਜਿਹੜਾ ਇਹ ਮੰਗ ਕਰਦਾ ਹੈ ਕਿ ਕਿਸੇ ਮੁਕੱਦਮੇ ਦੀ ਮਨਜ਼ੂਰੀ ਜਾਂ ਮੁਕੱਦਮਾ ਚਲਾਉਣ ਦੇ ਸੰਬੰਧ ਵਿਚ ਅਟਾਰਨੀ ਜਨਰਲ ਦੀ ਕੋਈ ਵੀ ਦਖਲਅੰਦਾਜ਼ੀ “ਏ ਡੀ ਏ ਜੀ ਨੂੰ ਲਿਖਤੀ ਰੂਪ ਵਿਚ ਦਿੱਤੀ ਜਾਣੀ ਅਤੇ *ਗਜ਼ਟ* ਵਿਚ ਛਾਪੀ ਜਾਣੀ ਜ਼ਰੂਰੀ ਹੈ।”

ਕਰਾਊਨ ਕੌਂਸਲ ਦੀ ਆਜ਼ਾਦੀ ਦਾ ਜਵਾਬਦੇਹੀ ਦੇ ਮਾਪਾਂ ਨਾਲ ਸੰਤੁਲਨ ਹੋਣਾ ਵੀ ਜ਼ਰੂਰੀ ਹੈ। ਕਰਾਊਨ ਕੌਂਸਲ ਲਈ ਮੌਜੂਦ ਸਬੂਤਾਂ ਅਤੇ ਲਾਗੂ ਹੋਣ ਵਾਲੇ ਕਾਨੂੰਨ ਦੀ ਪੜਚੋਲ ਕਰਨਾ ਅਤੇ ਛਪੀਆਂ ਪਾਲਸੀਆਂ ਮੁਤਾਬਕ ਆਪਣੇ ਅਖ਼ਤਿਆਰ ਦੀ ਵਰਤੋਂ ਕਰਨਾ ਜ਼ਰੂਰੀ ਹੈ। ਇਸ ਨਾਲ ਇਕਸਾਰ ਅਤੇ ਅਸੂਲਾਂ ਵਾਲੇ ਫੈਸਲੇ ਕਰਨਾ ਯਕੀਨੀ ਬਣਦਾ ਹੈ।

ਕਰਾਊਨ ਕੌਂਸਲ ਦਾ ਚਾਰਜ ਅਸੈੱਸਮੈਂਟ (ਚਾਰਜ ਲਾਉਣ ਬਾਰੇ ਵਿਚਾਰ) ਦਾ ਕੰਮ ਪੁਲੀਸ ਦੀ ਪੜਤਾਲ ਕਰਨ ਦੀ ਜ਼ਿੰਮੇਵਾਰੀ ਤੋਂ ਵੀ ਆਜ਼ਾਦ ਹੈ। ਸਹੀ ਤਰ੍ਹਾਂ ਨਿਆਂ ਹੋਣ ਲਈ ਕਰਾਊਨ ਕੌਂਸਲ ਅਤੇ ਪੁਲੀਸ ਵਿਚਕਾਰ ਵਾਜਬ ਸਹਿਯੋਗ ਅਤੇ ਅਸਰਦਾਰ ਗੱਲਬਾਤ ਜ਼ਰੂਰੀ ਹਨ। ਪਰ, ਕਰਾਊਨ ਕੌਂਸਲ ਲਈ ਪੁਲੀਸ ਨਾਲ ਬਹੁਤ ਨੇੜਿਉਂ ਜੁੜਣ ਜਾਂ ਕੋਈ ਅਜਿਹੀ ਚੀਜ਼ ਕਰਨ ਤੋਂ ਬਚਣਾ ਵੀ ਜ਼ਰੂਰੀ ਹੈ ਜਿਹੜੀ ਚਾਰਜ ਅਸੈੱਸਮੈਂਟਾਂ ਨੂੰ ਯਥਾਰਥਕ ਢੰਗ ਨਾਲ ਕਰਨ ਦੀ ਉਨ੍ਹਾਂ ਦੀ ਸਮਰੱਥਾ ਵਿਚ ਰੁਕਾਵਟ ਪਾਉਂਦੀ ਹੋਵੇ।

ਪੁਲੀਸ ਕੋਲ ਕਿਸੇ ਵਿਅਕਤੀ ’ਤੇ ਚਾਰਜ ਲਾਉਣ ਦਾ ਅਧਿਕਾਰ ਹੈ ਪਰ ਇਹ ਫੈਸਲਾ ਕਰਨ ਦਾ ਅੰਤਿਮ ਅਧਿਕਾਰ ਕਰਾਊਨ ਕੌਂਸਲ ਕੋਲ ਹੈ ਕਿ ਕੀ ਮੁਕੱਦਮਾ ਜਾਰੀ ਰੱਖਣਾ ਹੈ ਜਾਂ ਬੰਦ ਕਰਨਾ ਹੈ। ਬੀ ਸੀ ਪ੍ਰੌਸੀਕਿਊਸ਼ਨ ਸਰਵਿਸ ਇਹ ਉਮੀਦ ਕਰਦੀ ਹੈ ਕਿ ਜੇ ਅਜਿਹਾ ਕਰਨਾ ਗੈਰਅਮਲੀ ਨਾ ਹੋਵੇ ਤਾਂ ਪੁਲੀਸ ਕਰਾਊਨ ਕੌਂਸਲ ਵਲੋਂ ਚਾਰਜਾਂ ਨੂੰ ਮਨਜ਼ੂਰੀ ਮਿਲਣ ਤੋਂ ਬਾਅਦ ਹੀ ਚਾਰਜ ਲਾਵੇਗੀ, ਜਾਂ ਜੇ ਚਾਰਜ ਪ੍ਰਵਾਨ ਨਾ ਕੀਤੇ ਜਾਣ ਤਾਂ ਰਿਵੀਊ ਕਰਨ ਦੀ ਕਾਰਵਾਈ ਖਤਮ ਕਰ ਲੈਣ ਤੋਂ ਬਾਅਦ ਜੋ ਕਿ ਪਾਲਸੀ ਵਿਚ ਦਿੱਤਾ ਗਿਆ ਹੈ *(ਚਾਰਜ ਅਸੈੱਸਮੈਂਟ ਡਿਸੀਜ਼ਨ – ਪੁਲੀਸ ਅਪੀਲ* (CHA 1.1))।

ਕਰਾਊਨ ਕੌਂਸਲ ਦੇ ਅਖ਼ਤਿਆਰੀ ਫੈਸਲੇ ਵਾਜਬ ਸਤਿਕਾਰ ਦੇ ਹੱਕਦਾਰ ਹਨ ਅਤੇ ਕਿਸੇ ਹੋਰ ਕਰਾਊਨ ਕੌਂਸਲ, ਜਿਸ ਵਿਚ

ਰੀਜਨਲ ਕਰਾਊਨ ਕੌਂਸਲ, ਡਾਇਰੈਕਟਰ, ਜਾਂ ਹੋਰ ਸੰਬੰਧਿਤ ਡਿਪਟੀ ਸ਼ਾਮਲ ਹਨ, ਵਲੋਂ ਉਲਟਾਏ ਨਹੀਂ ਜਾਣੇ ਚਾਹੀਦੇ ਜਾਂ ਇਨ੍ਹਾਂ ਦੀ ਆਲੋਚਨਾ ਨਹੀਂ ਕੀਤੀ ਜਾਣੀ ਚਾਹੀਦੀ, ਜੇ ਉਹ ਤੱਥਾਂ ਜਾਂ ਕਾਨੂੰਨ ਮੁਤਾਬਕ ਗਲਤ, ਨਾਵਾਜਬ ਜਾਂ ਲੋਕ ਹਿੱਤਾਂ ਦੇ ਉਲਟ ਨਹੀਂ ਹਨ, ਜਾਂ ਹਾਲਤਾਂ ਵਿਚ ਕੋਈ ਤਬਦੀਲੀ ਨਹੀਂ ਆਈ ਹੈ। ਕਰਾਊਨ ਕੌਂਸਲ ਦੇ ਕਿਸੇ ਵੀ ਅਖ਼ਤਿਆਰੀ ਫੈਸਲੇ ਦਾ ਰਿਵੀਊ ਕਰਨ ਲਈ ਵਾਜਬਤਾ ਦਾ ਮਿਆਰ ਲਾਗੂ ਹੁੰਦਾ ਹੈ।

## ਚਾਰਜ ਅਸੈੱਸਮੈਂਟ ਦਾ ਮਿਆਰ

ਚਾਰਜ ਅਸੈੱਸਮੈਂਟ ਦੇ ਕਿਸੇ ਵੀ ਫੈਸਲੇ ਲਈ ਜ਼ਰੂਰੀ ਕਾਨੂੰਨੀ ਪਿਛੋਕੜ ਵਜੋਂ, ਕਰਾਊਨ ਕੌਂਸਲ ਲਈ ਨਿਰਦੋਸ਼ਤਾ ਦੀ ਸੰਭਾਵਨਾ, ਮੁਕੱਦਮੇ ਵਿਚ ਕਿਸੇ ਵਾਜਬ ਸ਼ੱਕ ਤੋਂ ਅਗਾਂਹ ਦੋਸ਼ ਸਾਬਤ ਕਰਨ ਦੀ ਜ਼ਿੰਮੇਵਾਰੀ, ਅਤੇ ਪ੍ਰੌਸੀਕਿਊਟਰ (ਸਰਕਾਰੀ ਵਕੀਲ) ਦੀ "ਨਿਆਂ ਦੇ ਮਨਿਸਟਰ" ਵਜੋਂ ਕੰਮ ਕਰਨ ਅਤੇ ਨਿਆਂ ਹੁੰਦਾ ਦੇਖਣ ਦੀ ਮੁਢਲੀ ਜ਼ਿੰਮੇਵਾਰੀ ਨੂੰ ਵਿਚਾਰਨਾ ਜ਼ਰੂਰੀ ਹੈ। ਚਾਰਜ ਅਸੈੱਸਮੈਂਟ ਦਾ ਕੰਮ ਕਰਨ ਵੇਲੇ, ਕਰਾਊਨ ਕੌਂਸਲ ਲਈ ਦੋ-ਹਿੱਸਿਆਂ ਵਾਲੇ ਟੈੱਸਟ ਦੇ ਮੁਕਾਬਲੇ ਵਿਚ ਉਪਲਬਧ ਸਾਰੇ ਸਬੂਤਾਂ ਨੂੰ ਸਤੁੰਤਰਤਾ, ਯਥਾਰਥਕਤਾ, ਅਤੇ ਮੁਨਾਸਬ ਤਰੀਕੇ ਨਾਲ ਘੋਖਣਾ ਜ਼ਰੂਰੀ ਹੈ:

1. ਕੀ ਦੋਸ਼-ਸਿੱਧ ਹੋਣ ਦੀ ਕਾਫੀ ਸੰਭਾਵਨਾ ਹੈ; ਅਤੇ, ਜੇ ਹੈ,
2. ਕੀ ਲੋਕ ਹਿੱਤ ਮੁਕੱਦਮੇ ਦੀ ਮੰਗ ਕਰਦੇ ਹਨ।

ਇਹ ਦੋ-ਹਿੱਸਿਆਂ ਵਾਲਾ ਟੈੱਸਟ ਸਾਰੇ ਮੁਕੱਦਮੇ ਦੌਰਾਨ ਲਾਗੂ ਹੋਣਾ ਜਾਰੀ ਰਹਿੰਦਾ ਹੈ।

## ਸਬੂਤਾਂ ਦਾ ਟੈੱਸਟ – ਦੋਸ਼ ਸਿੱਧ ਹੋਣ ਦੀ ਕਾਫੀ ਸੰਭਾਵਨਾ

ਸਿਰਫ ਹੇਠਾਂ ਬਿਆਨੀ ਛੋਟ ਤੋਂ ਬਿਨਾਂ, ਚਾਰਜ ਦੀ ਮਨਜ਼ੂਰੀ ਲਈ ਸਬੂਤਾਂ ਦਾ ਟੈੱਸਟ ਇਹ ਹੈ ਕਿ ਕੀ ਦੋਸ਼-ਸਿੱਧ ਹੋਣ ਦੀ ਠੋਸ ਸੰਭਾਵਨਾ ਹੈ ਜਾਂ ਨਹੀਂ। "ਸੰਭਾਵਨਾ" ਦਾ ਹਵਾਲਾ ਇਹ ਮੰਗ ਕਰਦਾ ਹੈ ਕਿ ਕਾਨੂੰਨ ਮੁਤਾਬਕ ਦੋਸ਼ੀ ਸਿੱਧ ਹੋਣ ਦੇ ਘੱਟੋ ਘੱਟ ਮੌਕੇ ਬਰੀ ਹੋਣ ਨਾਲੋਂ ਕਿਤੇ ਜ਼ਿਆਦਾ ਹਨ। ਇਸ ਸੰਦਰਭ ਵਿਚ, "ਠੋਸ" ਤੋਂ ਭਾਵ ਨਾ ਸਿਰਫ ਦੋਸ਼-ਸਿੱਧ ਹੋਣ ਦੀ ਸੰਭਾਵਨਾ ਹੈ ਸਗੋਂ ਸਬੂਤ ਦੀ ਯਥਾਰਥਕ ਮਜ਼ਬੂਤੀ ਜਾਂ ਨਿੱਗਰਤਾ ਵੀ ਹੈ। ਦੋਸ਼-ਸਿੱਧ ਹੋਣ ਦੀ ਠੋਸ ਸੰਭਾਵਨਾ ਮੌਜੂਦ ਹੈ ਜੇ ਕਰਾਊਨ ਕੌਂਸਲ ਇਸ ਗੱਲ ਤੋਂ ਸੁੰਤਸ਼ਟ ਹੋਵੇ ਕਿ ਅਦਾਲਤ ਕੋਲ ਪੇਸ਼ ਕੀਤੇ ਜਾਣ ਲਈ ਕੇਸ ਦੀ ਸਾਮੱਗਰੀ ਮਜ਼ਬੂਤ ਅਤੇ ਨਿੱਗਰ ਹੈ।

ਇਹ ਫੈਸਲਾ ਕਰਨ ਵੇਲੇ ਕਿ ਕੀ ਇਹ ਟੈੱਸਟ ਸੁੰਤਸ਼ਟੀ ਵਾਲਾ ਹੈ, ਕਰਾਊਨ ਕੌਂਸਲ ਲਈ ਅੱਗੇ ਦਿੱਤੇ ਪੱਖਾਂ 'ਤੇ ਵਿਚਾਰ ਕਰਨਾ ਜ਼ਰੂਰੀ ਹੈ:

- ਕਿਹੜੇ ਸਬੂਤ ਮੁਕੱਦਮੇ ਵਿਚ ਸਵੀਕਾਰ ਕਰਨ ਯੋਗ ਅਤੇ ਉਪਲਬਧ ਹੋਣ ਦੀ ਸੰਭਾਵਨਾ ਹੈ
- ਸਵੀਕਾਰ ਕਰਨ ਯੋਗ ਸਬੂਤਾਂ ਦੀ ਯਥਾਰਥਕ ਵਿਸ਼ਵਾਸਯੋਗਤਾ
- ਕੀ ਸੰਭਵ ਸਫ਼ਾਈਆਂ (ਡਿਫੈਂਸਿਜ਼), ਜਾਂ ਮੁਕੱਦਮੇ ਵਿਚ ਹੋਰ ਕਾਨੂੰਨੀ ਜਾਂ ਸੰਵਿਧਾਨਕ ਰੁਕਾਵਟਾਂ ਹਨ ਜਿਹੜੀਆਂ ਦੋਸ਼-ਸਿੱਧ ਹੋਣ ਦੀ ਕਿਸੇ ਵੀ ਠੋਸ ਸੰਭਾਵਨਾ ਨੂੰ ਖਤਮ ਕਰਦੀਆਂ ਹਨ

ਸਬੂਤਾਂ ਦੀ ਪੜਚੋਲ ਕਰਨ ਵੇਲੇ, ਕਰਾਊਨ ਕੌਂਸਲ ਨੂੰ ਇਹ ਫਰਜ਼ ਕਰਨਾ ਚਾਹੀਦਾ ਹੈ ਕਿ ਮੁਕੱਦਮਾ ਇਨਸਾਫ ਪਸੰਦ ਅਤੇ ਨਿਰਪੱਖ ਜੱਜ ਜਾਂ ਜਿਊਰੀ ਦੇ ਅੱਗੇ ਚੱਲੇਗਾ ਜੋ ਕਿ ਕਾਨੂੰਨ ਮੁਤਾਬਕ ਕੰਮ ਕਰਨਗੇ, ਅਤੇ ਉਸ ਨੂੰ ਸਬੂਤਾਂ ਦੀ ਅਹਿਮੀਅਤ ਜਾਂ ਭਰੋਸੇਯੋਗਤਾ ਨੂੰ ਜੱਜ ਜਾਂ ਜਿਊਰੀ ਦੇ ਵਿਚਾਰਾਂ ਦੀ ਥਾਂ ਆਪਣੇ ਨਿੱਜੀ ਵਿਚਾਰਾਂ ਨਾਲ ਦੇਖ ਕੇ ਜੱਜ ਜਾਂ ਜਿਊਰੀ ਦੇ ਰੋਲ ਨੂੰ ਖੋਹਣਾ ਨਹੀਂ ਚਾਹੀਦਾ।

## ਲੋਕਾਂ ਦੇ ਹਿੱਤਾਂ ਦਾ ਟੈੱਸਟ

ਜੇ ਕਰਾਊਨ ਕੌਂਸਲ ਇਸ ਗੱਲ ਤੋਂ ਸੰਤੁਸ਼ਟ ਹੈ ਕਿ ਸਬੂਤਾਂ ਦਾ ਟੈੱਸਟ ਪੂਰਾ ਹੁੰਦਾ ਹੈ ਤਾਂ ਫਿਰ ਕਰਾਊਨ ਕੌਂਸਲ ਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਕੀ ਲੋਕਾਂ ਦੇ ਹਿੱਤ ਮੁਕੱਦਮੇ ਦੀ ਮੰਗ ਕਰਦੇ ਹਨ।

ਸਮਾਜ ਦੀ ਰੱਖਿਆ ਕ੍ਰਿਮੀਨਲ ਜਸਟਿਸ ਸਿਸਟਮ ਦਾ ਸਰਵਉੱਚ ਫਿਕਰ ਹੈ। ਇਨਸਾਫ ਇਹ ਮੰਗ ਨਹੀਂ ਕਰਦਾ ਕਿ ਹਰ ਸਾਬਤ ਕਰਨ ਯੋਗ ਜੁਰਮ ਲਈ ਮੁਕੱਦਮਾ ਚਲਾਇਆ ਜਾਣਾ ਜ਼ਰੂਰੀ ਹੈ। ਕ੍ਰਿਮੀਨਲ ਜਸਟਿਸ ਸਿਸਟਮ ਦੇ ਵਸੀਲੇ ਅਸੀਮ ਨਹੀਂ ਹਨ। ਜੇ ਵਾਜਬ ਬਦਲ ਮੌਜੂਦ ਹੋਣ ਤਾਂ ਉਹ ਵਰਤੇ ਜਾਣੇ ਚਾਹੀਦੇ ਹਨ। ਮੁਕੱਦਮੇ ਸਿਰਫ ਉਨ੍ਹਾਂ ਕੇਸਾਂ ਲਈ ਰਿਜ਼ਰਵ ਹੋਣੇ ਚਾਹੀਦੇ ਹਨ ਜਿਨ੍ਹਾਂ ਲਈ ਕ੍ਰਿਮੀਨਲ ਜਸਟਿਸ ਸਿਸਟਮ ਦੀ ਇਸ ਦੇ ਸਾਰੇ ਉਪਲਬਧ ਦੰਡਾਂ ਨਾਲ ਪੂਰੀ ਤਾਕਤ ਦੀ ਲੋੜ ਹੁੰਦੀ ਹੈ।

ਲੋਕਾਂ ਦੇ ਹਿੱਤਾਂ ਦਾ ਪਤਾ ਲਾਉਣ ਵੇਲੇ, ਕਰਾਊਨ ਕੌਂਸਲ ਨੂੰ ਹਰ ਕੇਸ ਦੀਆਂ ਖਾਸ ਹਾਲਤਾਂ ਅਤੇ ਸਥਾਨਕ ਭਾਈਚਾਰੇ ਦੇ ਜਨਤਕ ਸੇਫਟੀ ਦੇ ਵਾਜਬ ਫਿਕਰਾਂ ਨੂੰ ਧਿਆਨ ਵਿਚ ਰੱਖਣਾ ਚਾਹੀਦਾ ਹੈ। ਸਖਤ ਅਤੇ ਅਟੱਲ ਨਿਯਮ ਕਦੇ ਵੀ ਲਾਗੂ ਨਹੀਂ ਕੀਤੇ ਜਾ ਸਕਦੇ। ਕਰਾਊਨ ਕੌਂਸਲ ਨੂੰ ਅੱਗੇ ਲਿਖੇ ਪੱਖਾਂ ਨੂੰ ਉਸ ਹੱਦ ਤੱਕ ਵਿਚਾਰਨਾ ਅਤੇ ਜਾਚਣਾ ਚਾਹੀਦਾ ਹੈ ਜਿਸ ਹੱਦ ਤੱਕ ਉਹ ਕਿਸੇ ਖਾਸ ਕੇਸ ਲਈ ਢੁਕਵੇਂ ਹਨ।

## 1. ਲੋਕਾਂ ਦੇ ਹਿੱਤ ਦੇ ਪੱਖ ਜਿਹੜੇ ਮੁਕੱਦਮੇ ਦੇ ਹੱਕ ਵਿਚ ਜਾਂਦੇ ਹਨ

- ਦੋਸ਼ਾਂ ਦੀ ਗੰਭੀਰਤਾ
- ਦੋਸ਼-ਸਿੱਧ ਹੋਣ ’ਤੇ ਕਾਫੀ ਸਜ਼ਾ ਦੀ ਸੰਭਾਵਨਾ
- ਪੀੜਤ ਨੂੰ ਹੋਏ ਨੁਕਸਾਨ ਦੀ ਗੰਭੀਰਤਾ
- ਹਥਿਆਰ ਦੀ ਵਰਤੋਂ, ਜਾਂ ਵਰਤੋਂ ਕਰਨ ਦੀ ਧਮਕੀ
- ਪੀੜਤ ਦੀ ਮੁਕਾਬਲਤਨ ਕਮਜ਼ੋਰੀ *(ਮਾਪੇ/ਗਾਰਡੀਅਨ ਵਲੋਂ ਬੱਚਿਆਂ ਦਾ ਉਧਾਲਾ,* (ABD 1), *ਪੀੜਤ ਬੱਚੇ ਅਤੇ ਗਵਾਹ* (CHI 1), *ਬਜ਼ੁਰਗਾਂ ਨਾਲ ਬੁਰਾ ਵਰਤਾਉ- ਬਜ਼ੁਰਗਾਂ ਵਿਰੁੱਧ ਜੁਰਮ* (ELD 1), *ਜਿਗਰੀ ਸਾਥੀ ਵਲੋਂ ਹਿੰਸਾ* (IPV 1) ਅਤੇ *ਕਮਜ਼ੋਰ ਪੀੜਤ ਅਤੇ ਗਵਾਹ – ਬਾਲਗ* (VUL 1))
- ਹਿੰਸਕ ਜੁਰਮਾਂ ਦੇ ਸ਼ਿਕਾਰਾਂ ਵਜੋਂ ਆਦਿਵਾਸੀ ਔਰਤਾਂ ਅਤੇ ਕੁੜੀਆਂ ਦੀ ਜ਼ਿਆਦਾ ਗਿਣਤੀ
- ਕਥਿਤ ਦੋਸ਼ੀ ਦੀ ਸੰਬੰਧਿਤ ਪਿਛਲੀਆਂ ਦੋਸ਼-ਸਿੱਧੀਆਂ ਜਾਂ ਪਿਛਲੇ ਦੋਸ਼ਾਂ ਦੀ ਹਿਸਟਰੀ ਜਿਸ ਕਰਕੇ ਬਦਲਵੇਂ ਕਦਮ ਚੁੱਕੇ ਗਏ ਸਨ
- ਕਥਿਤ ਦੋਸ਼ੀ ਦੀ ਪੀੜਤ ਦੇ ਸੰਬੰਧ ਵਿਚ ਅਧਿਕਾਰ ਜਾਂ ਭਰੋਸੇ ਵਾਲੀ ਸਥਿਤੀ
- ਵਿਉਂਤ ਬਣਾ ਕੇ ਜੁਰਮ ਕਰਨ ਦਾ ਸਬੂਤ
- ਇਹ ਸਬੂਤ ਕਿ ਜੁਰਮ, ਰੰਗ, ਨਸਲ, ਧਰਮ, ਦੇਸ਼ ਜਾਂ ਨਸਲੀ ਪਿਛੋਕੜ, ਉਮਰ, ਸੈਕਸ, ਕਾਮੁਕ ਰੁਚੀ, ਲਿੰਗ ਪਛਾਣ ਜਾਂ ਪ੍ਰਗਟਾਅ, ਮਾਨਸਿਕ ਜਾਂ ਸਰੀਰਕ ਅਪਾਹਜਤਾ, ਜਾਂ ਇਸ ਤਰ੍ਹਾਂ ਦੇ ਕਿਸੇ ਹੋਰ ਪੱਖ ਦੇ ਆਧਾਰ ’ਤੇ ਪੱਖਪਾਤ, ਤੰਗਦਿਲੀ ਜਾਂ ਨਫ਼ਰਤ ਤੋਂ ਪ੍ਰੇਰਿਤ ਸੀ। *(ਨਫ਼ਰਤੀ ਜੁਰਮ* (HAT 1))
- ਕਥਿਤ ਦੋਸ਼ੀ ਅਤੇ ਪੀੜਤ ਦੀਆਂ ਅਸਲੀ ਜਾਂ ਦਿਮਾਗੀ ਉਮਰਾਂ ਵਿਚਕਾਰ ਕਾਫੀ ਫਰਕ
- ਇਹ ਕਿ ਕਥਿਤ ਅਪਰਾਧੀ ਜੁਰਮ ਕਰਨ ਵੇਲੇ ਅਦਾਲਤ ਦੇ ਕਿਸੇ ਆਰਡਰ ਥੱਲੇ ਸੀ
- ਇਹ ਯਕੀਨ ਕਰਨ ਲਈ ਵਾਜਬ ਆਧਾਰ ਕਿ ਜੁਰਮ ਜਾਰੀ ਰਹਿਣ ਜਾਂ ਦੁਹਰਾਏ ਜਾਣ ਦੀ ਸੰਭਾਵਨਾ ਹੈ

- ਜੁਰਮ ਉਸ ਸਥਾਨ ’ਤੇ ਵਾਰ ਵਾਰ ਹੋਇਆ ਹੈ ਜਿੱਥੇ ਇਹ ਕੀਤਾ ਗਿਆ ਸੀ
- ਜੁਰਮ ਅਜਿਹਾ ਹੈ ਜਿਹੜਾ ਜਸਟਿਸ ਸਿਸਟਮ ਜਾਂ ਇਸ ਵਿਚ ਹਿੱਸਾ ਲੈਣ ਵਾਲਿਆਂ ਦੀ ਨੇਕ ਨੀਤੀ, ਸੇਫਟੀ ਜਾਂ ਸੁਰੱਖਿਆ ’ਤੇ ਅਸਰ ਪਾਉਂਦਾ ਹੈ
- ਜੁਰਮ ਦਹਿਸ਼ਤਪਸੰਦੀ ਦਾ ਜੁਰਮ ਹੈ
- ਜੁਰਮ, ਕਿਸੇ ਮੁਜਰਮਾਨਾ ਸੰਸਥਾ ਦੇ ਫਾਇਦੇ ਲਈ, ਉਸ ਦੀ ਹਿਦਾਇਤ ’ਤੇ, ਜਾਂ ਉਸ ਦੇ ਸਹਿਯੋਗ ਨਾਲ ਕੀਤਾ ਗਿਆ ਸੀ

## 1. ਲੋਕਾਂ ਦੇ ਹਿੱਤ ਦੇ ਪੱਖ ਜਿਹੜੇ ਮੁਕੱਦਮੇ ਦੇ ਵਿਰੋਧ ਵਿਚ ਜਾਂਦੇ ਹਨ

- ਕਰਿਮੀਨਲ ਜਸਟਿਸ ਸਿਸਟਮ ਵਿਚ ਕਥਿਤ ਦੋਸ਼ੀਆਂ ਵਜੋਂ ਆਦਿਵਾਸੀ ਲੋਕਾਂ ਦੀ ਜ਼ਿਆਦਾ ਨੁਮਾਇੰਦਗੀ ਘਟਾਉਣ ਦੀ ਲੋੜ, ਖਾਸ ਕਰਕੇ ਜਿੱਥੇ *R. v. Gladue*[1] ਪੱਖਾਂ ਨੇ ਕਿਸੇ ਆਦਿਵਾਸੀ ਵਿਅਕਤੀ ਦੇ ਕ੍ਰਿਮੀਨਲ ਜਸਟਿਸ ਸਿਸਟਮ ਦੇ ਸੰਪਰਕ ਵਿਚ ਆਉਣ ਲਈ ਰੋਲ ਨਿਭਾਇਆ ਹੈ।
- ਪੱਖਪਾਤ, ਨਸਲਵਾਦ ਜਾਂ ਸਿਸਟਮਬੱਧ ਵਿਤਕਰੇ ਨੇ ਕਥਿਤ ਦੋਸ਼ੀ ਦੇ ਕ੍ਰਿਮੀਨਲ ਜਸਟਿਸ ਸਿਸਟਮ ਦੇ ਸੰਪਰਕ ਵਿਚ ਆਉਣ ਵਿਚ ਇਕ ਰੋਲ ਨਿਭਾਇਆ ਹੈ, ਖਾਸ ਕਰਕੇ ਆਦਿਵਾਸੀ ਕਥਿਤ ਦੋਸ਼ੀ ਦੀਆਂ ਹਾਲਤਾਂ ਵੱਲ ਖਾਸ ਧਿਆਨ ਦੇ ਕੇ
- ਦੋਸ਼-ਸਿੱਧ ਹੋਣ ਦਾ ਨਤੀਜਾ ਥੋੜ੍ਹੇ ਜਿਹੇ ਜੁਰਮਾਨੇ ਵਿਚ ਨਿਕਲਣ ਦੀ ਸੰਭਾਵਨਾ ਹੈ
- ਲੋਕਾਂ ਦੇ ਹਿੱਤਾਂ ਦੀ ਰੱਖਿਆ ਮੁਕੱਦਮੇ ਤੋਂ ਬਿਨਾਂ ਬੀ ਸੀ ਪ੍ਰੌਸੀਕਿਊਸ਼ਨ ਸਰਵਿਸ ਵਲੋਂ ਕੀਤੀ ਗਈ ਹੈ ਜਾਂ ਕੀਤੀ ਜਾ ਸਕਦੀ ਹੈ, ਜਿਸ ਵਿਚ ਨਿਆਂ ਦੇ ਠੀਕ ਕਰਨ ਵਾਲੇ ਤਰੀਕੇ, ਬਦਲਵੇਂ ਤਰੀਕੇ, ਆਦਿਵਾਸੀ ਭਾਈਚਾਰੇ ਦੇ ਇਨਸਾਫ ਦੇ ਤਰੀਕੇ, ਪ੍ਰਬੰਧਕੀ ਜਾਂ ਸਿਵਲ ਕਾਰਵਾਈਆਂ, ਜਾਂ ਮੁਕੱਦਮਾ ਚਲਾਉਣ ਵਾਲੀ ਕਿਸੇ ਹੋਰ ਅਥਾਰਟੀ ਵਲੋਂ ਮੁਕੱਦਮਾ ਕਰਨਾ ਸ਼ਾਮਲ ਹਨ
- ਜ਼ਮਾਨਤ ਦੀ ਉਲੰਘਣਾ ਨਾਲ ਹੋਣ ਵਾਲੇ ਨੁਕਸਾਨ ਦਾ ਹੱਲ, ਜ਼ਮਾਨਤ ਦੇ ਰਿਵੀਊ ਜਾਂ ਜ਼ਮਾਨਤ ਨੂੰ ਰੱਦ ਕਰਨ ਦੇ ਤਰੀਕਿਆਂ ਰਾਹੀਂ ਕੀਤਾ ਜਾ ਸਕਦਾ ਹੈ *(ਜ਼ਮਾਨਤ – ਬਾਲਗ* (BAI 1))
- ਜੁਰਮ ਕਿਸੇ ਸੱਚੀ ਗਲਤੀ ਦੇ ਨਤੀਜੇ ਵਜੋਂ ਜਾਂ ਕਿਸੇ ਤੱਥ ਦੇ ਭੁਲੇਖੇ ਕਾਰਨ ਕੀਤਾ ਗਿਆ ਸੀ
- ਘਾਟਾ ਜਾਂ ਨੁਕਸਾਨ ਕਿਸੇ ਇਕ ਘਟਨਾ ਦਾ ਨਤੀਜਾ ਸੀ ਅਤੇ ਇਹ ਮਾਮੂਲੀ ਸੀ
- ਕਥਿਤ ਦੋਸ਼ੀ ਦੀ ਸੰਬੰਧਿਤ ਪਿਛਲੀਆਂ ਦੋਸ਼-ਸਿੱਧੀਆਂ ਦੀ ਹਿਸਟਰੀ ਦੀ ਘਾਟ ਜਾਂ ਪਿਛਲੇ ਤਾਜ਼ਾ ਦੋਸ਼ ਜਿਨ੍ਹਾਂ ਦਾ ਨਤੀਜਾ ਬਦਲਵੇਂ ਕਦਮਾਂ ਵਿਚ ਨਿਕਲਿਆ ਸੀ
- ਜੁਰਮ ਬਹੁਤ ਮਾਮੂਲੀ ਹੈ ਜਾਂ ਤਕਨੀਕੀ ਕਿਸਮ ਦਾ ਹੈ
- ਜੁਰਮ ਨੂੰ ਬਣਾਉਣ ਵਾਲਾ ਕਾਨੂੰਨ ਪੁਰਾਣਾ ਜਾਂ ਅਸਪਸ਼ਟ ਹੈ
- ਜੁਰਮ ਦੀ ਪੜਤਾਲ ਕਿਸੇ ਪ੍ਰਾਈਵੇਟ ਵਿਅਕਤੀ ਜਾਂ ਗਰੁੱਪ ਵਲੋਂ ਕੀਤੀ ਗਈ ਸੀ ਜਿਸ ਦੀ ਪੜਤਾਲ ਦੀਆਂ ਤਕਨੀਕਾਂ ਨੇ (i) ਸੰਭਵ ਤੌਰ ’ਤੇ ਲੋਕਾਂ ਦੀ ਜਾਂ ਵਿਅਕਤੀ ਦੀ ਸੇਫਟੀ ਨੂੰ ਖਤਰੇ ਵਿਚ ਪਾਇਆ; (ii) ਜੇ ਇਸ ਦੀ ਵਰਤੋਂ ਪੁਲੀਸ ਵਲੋਂ ਕੀਤੀ ਜਾਵੇ ਤਾਂ ਇਸ ਦਾ ਨਤੀਜਾ ਸੰਭਵ ਤੌਰ ’ਤੇ ਇਕੱਠੇ ਕੀਤੇ ਗਏ ਸਬੂਤਾਂ ਨੂੰ ਬਾਹਰ ਰੱਖਣ ਵਿਚ ਜਾਂ ਕਾਨੂੰਨੀ ਕਾਰਵਾਈ ਨੂੰ ਰੋਕੇ ਜਾਣ ਵਿਚ ਨਿਕਲੇਗਾ, ਅਤੇ ਅਜਿਹਾ ਜਾਂ ਤਾਂ *ਚਾਰਟਰ* ਦੀ ਉਲੰਘਣਾ ਕਾਰਨ, ਜਾਂ *ਕ੍ਰਿਮੀਨਲ ਕੋਡ* ਜਾਂ

1 [1999] 1 S.C.R. 688

ਕੌਮਨ ਲਾਅ ਹੇਠ ਪੁਲੀਸ ਦੀਆਂ ਤਾਕਤਾਂ ਦੀਆਂ ਹੱਦਾਂ ਦੀ ਉਲੰਘਣਾ ਕਾਰਨ ਹੋਵੇਗਾ, ਜਾਂ (iii) ਕਿਸੇ ਹੋਰ ਤਰ੍ਹਾਂ ਨਿਆਂ ਕੀਤੇ ਜਾਣ ਵਿਚ ਲੋਕਾਂ ਦੇ ਭਰੋਸੇ ਉੱਪਰ ਗਲਤ ਅਸਰ ਪਾਵੇਗਾ।

2. ਲੋਕਾਂ ਦੇ ਹਿੱਤ ਦੇ ਪੱਖ ਜਿਹੜੇ ਮੁਕੱਦਮੇ ਦੇ ਹੱਕ ਵਿਚ ਜਾਂ ਵਿਰੋਧ ਵਿਚ ਜਾ ਸਕਦੇ ਹਨ

- ਜਵਾਨ, ਉਮਰ, ਬੁੱਧੀ, ਸਰੀਰਕ ਸਿਹਤ, ਮਾਨਸਿਕ ਸਿਹਤ, ਜਾਂ ਕਿਸੇ ਗਵਾਹ ਜਾਂ ਪੀੜਿਤ ਦੇ ਹੋਰ ਨਿੱਜੀ ਹਾਲਾਤ
- ਕਥਿਤ ਦੋਸ਼ੀ ਦੇ ਨਿੱਜੀ ਹਾਲਾਤ
- ਕਥਿਤ ਦੋਸ਼ੀ ਦਾ ਹੋਰ ਧਿਰਾਂ ਦੇ ਸੰਬੰਧ ਵਿਚ ਅਪਰਾਧ ਦਾ ਪੱਧਰ
- ਮੁਕੱਦਮੇ ਦੀ ਲੰਬਾਈ ਅਤੇ ਖਰਚਾ ਜਦੋਂ ਇਸ ਨਾਲ ਪ੍ਰਾਪਤ ਹੋਣ ਵਾਲੇ ਸਮਾਜਿਕ ਫਾਇਦੇ ਦੇ ਸੰਬੰਧ ਵਿਚ ਵਿਚਾਰ ਕੀਤੀ ਜਾਂਦੀ ਹੈ
- ਜੁਰਮ ਹੋਏ ਨੂੰ ਕਿੰਨਾ ਸਮਾਂ ਬੀਤ ਗਿਆ ਹੈ
- ਨਿਆਂ ਕਰਨ ਲਈ ਲੋਕਾਂ ਦੇ ਭਰੋਸੇ ਨੂੰ ਕਾਇਮ ਰੱਖਣ ਦੀ ਲੋੜ

## ਆਦਿਵਾਸੀ ਵਿਅਕਤੀ

ਵੱਖ ਵੱਖ ਸਰਕਾਰੀ ਕਮਿਸ਼ਨਾਂ ਅਤੇ ਰਿਪੋਰਟਾਂ, ਅਤੇ ਇਸ ਦੇ ਨਾਲ ਨਾਲ ਕੈਨੇਡਾ ਦੀ ਸੁਪਰੀਮ ਕੋਰਟ ਦੇ ਫੈਸਲਿਆਂ ਨੇ ਇਹ ਸਵੀਕਾਰ ਕੀਤਾ ਹੈ ਕਿ ਆਦਿਵਾਸੀ ਵਿਅਕਤੀਆਂ (ਫਸਟ ਨੇਸ਼ਨਜ਼, ਮੇਟੀਸ, ਅਤੇ ਇਨੂਇਟ) ਵਲੋਂ ਝੱਲਿਆ ਗਿਆ ਵਿਤਕਰਾ, ਭਾਵੇਂ ਇਹ ਸਪਸ਼ਟ ਤੌਰ 'ਤੇ ਨਸਲੀ ਵਤੀਰਿਆਂ ਜਾਂ ਸਭਿਆਚਾਰਕ ਤੌਰ 'ਤੇ ਅਣਉੱਚਿਤ ਤਰੀਕਿਆਂ ਦਾ ਨਤੀਜਾ ਹੋਵੇ, ਕ੍ਰਿਮੀਨਲ ਜਸਟਿਸ ਸਿਸਟਮ ਦੇ ਸਾਰੇ ਹਿੱਸਿਆਂ ਤੱਕ ਫੈਲਿਆ ਹੋਇਆ ਹੈ।

ਕੈਨੇਡਾ ਵਿਚ ਬਸਤੀਵਾਦ, ਥਾਂ-ਬਦਲੀ ਅਤੇ ਰੈਜ਼ੀਡੈਂਸ਼ਲ ਸਕੂਲਾਂ ਦੇ ਇਤਿਹਾਸ ਦਾ ਮਤਲਬ ਆਦਿਵਾਸੀ ਲੋਕਾਂ ਲਈ ਪੜ੍ਹਾਈ ਵਿਚ ਘੱਟ ਸਫਲਤਾ, ਘੱਟ ਆਮਦਨਾਂ, ਜ਼ਿਆਦਾ ਬੇਰੁਜ਼ਗਾਰੀ, ਨਸ਼ਿਆਂ ਦੀ ਵਰਤੋਂ ਅਤੇ ਖੁਦਕੁਸ਼ੀ ਦੀਆਂ ਜ਼ਿਆਦਾ ਦਰਾਂ ਅਤੇ ਜੇਲ੍ਹ ਜਾਣ ਦੇ ਜ਼ਿਆਦਾ ਪੱਧਰ ਹਨ।[2] ਇਸ ਦੇ ਨਾਲ ਹੀ, ਆਦਿਵਾਸੀ ਲੋਕਾਂ ਵਿਚ ਜੁਰਮਾਂ ਦਾ ਸ਼ਿਕਾਰ ਹੋਣ ਦੀਆਂ ਦਰਾਂ, ਖਾਸ ਕਰਕੇ ਆਦਿਵਾਸੀ ਔਰਤਾਂ ਅਤੇ ਕੁੜੀਆਂ ਲਈ, ਗੈਰ-ਆਦਿਵਾਸੀ ਲੋਕਾਂ ਲਈ ਦਰਾਂ ਨਾਲੋਂ ਕਿਤੇ ਜ਼ਿਆਦਾ ਹਨ।[3]

ਕੈਨੇਡਾ ਵਿਚ ਆਦਿਵਾਸੀ ਲੋਕਾਂ ਲਈ ਬਸਤੀਵਾਦ ਦੇ ਜਾਰੀ ਰਹਿਣ ਵਾਲੇ ਸਿੱਟੇ, ਕਿਸੇ ਆਦਿਵਾਸੀ ਵਿਅਕਤੀ ਦੇ ਤੌਰ 'ਤੇ ਇਕ ਪੀੜਤ ਵਜੋਂ ਜਾਂ ਸੰਭਾਵੀ ਕਥਿਤ ਦੋਸ਼ੀ ਵਜੋਂ ਕਿਸੇ ਵੀ ਚਾਰਜ ਅਸੈੱਸਮੈਂਟ ਲਈ ਲੋੜੀਂਦਾ ਸੰਦਰਭ ਪ੍ਰਦਾਨ ਕਰਦੇ ਹਨ। ਇਨ੍ਹਾਂ ਨਤੀਜਿਆਂ ਦਾ "ਆਦਿਵਾਸੀ ਲੋਕਾਂ 'ਤੇ ਅਸਰ ਪਾਉਣ ਵਾਲੇ ਵਿਲੱਖਣ ਸਿਸਟਮਬੱਧ ਅਤੇ ਪਿਛੋਕੜ ਦੇ ਪੱਖਾਂ ਦਾ ਲੇਖਾ ਜੋਖਾ ਕਰਕੇ ਅਤੇ ਇਸ ਦੇ ਨਾਲ ਨਾਲ ਉਨ੍ਹਾਂ ਦੀਆਂ ਬੁਨਿਆਦੀ ਵੱਖਰੀਆਂ ਸਭਿਆਚਾਰਕ ਰਵਾਇਤਾਂ ਅਤੇ ਦੁਨੀਆ ਪ੍ਰਤੀ ਦ੍ਰਿਸ਼ਟੀਕੋਣਾਂ ਨੂੰ ਧਿਆਨ ਵਿਚ ਰੱਖ ਕੇ ਹੱਲ ਕੀਤਾ ਜਾਣਾ ਜ਼ਰੂਰੀ ਹੈ।"[4]

ਚਾਰਜ ਅਸੈੱਸਮੈਂਟ ਦੇ ਅਗੇਤੇ ਪੜਾ 'ਤੇ, ਕਰਾਊਨ ਕੌਂਸਲ ਨੂੰ ਇਹ ਫੈਸਲਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਕੀ ਕਥਿਤ ਦੋਸ਼ੀ ਜਾਂ ਪੀੜਤ ਦੀ ਪਛਾਣ ਇਕ ਆਦਿਵਾਸੀ ਵਿਅਕਤੀ ਦੇ ਤੌਰ 'ਤੇ ਹੈ ਅਤੇ, ਇਸ ਕਰਕੇ, ਕੀ ਆਦਿਵਾਸੀ ਵਿਅਕਤੀਆਂ ਪ੍ਰਤੀ ਪਬਲਿਕ ਦੇ ਹਿਤ ਬਾਰੇ ਖਾਸ ਵਿਚਾਰਾਂ ਲਾਗੂ ਹੋਣੀਆਂ ਚਾਹੀਦੀਆਂ ਹਨ। ਇਹ ਫੈਸਲਾ ਕਰਨ ਲਈ ਕਰਾਊਨ ਕੌਂਸਲ ਨੂੰ ਰਿਪੋਰਟ ਟੂ ਕਰਾਊਨ ਕੌਂਸਲ (ਆਰ ਸੀ ਸੀ) ਵਿਚਲੀ ਕੋਈ ਵੀ ਜਾਣਕਾਰੀ ਵਿਚਾਰਨੀ ਚਾਹੀਦੀ ਹੈ ਜਾਂ ਉਹ ਕੋਈ ਵੀ ਜਾਣਕਾਰੀ ਦੇਖਣੀ ਚਾਹੀਦੀ ਹੈ ਜਿਹੜੀ ਉਸ ਲਈ ਸੌਖੀ ਉਪਲਬਧ ਹੈ।

---

2 *R. v Ipeelee*, 2012 SCC 13

3 *R. v Ipeelee*, 2012 SCC 13

4 *Ewert v Canada*, 2018 SCC 30 at paras 57 and 58; *R v Barton*, 2019 SCC 33 at paras 198-200

ਜੇ ਫਾਇਲ ਦੀ ਮੌਜੂਦਗੀ ਦੌਰਾਨ ਕਿਸੇ ਸਮੇਂ ਵੀ ਕਰਾਊਨ ਕੌਂਸਲ ਇਹ ਨਿਸ਼ਚਿਤ ਕਰਦਾ ਹੈ ਕਿ ਕਥਿਤ ਦੋਸ਼ੀ ਜਾਂ ਪੀੜਤ ਦੀ ਪਛਾਣ ਇਕ ਆਦਿਵਾਸੀ ਵਿਅਕਤੀ ਵਜੋਂ ਹੈ ਤਾਂ ਕਰਾਊਨ ਕੌਂਸਲ ਨੂੰ ਇਹ ਪੱਕਾ ਕਰਨਾ ਚਾਹੀਦਾ ਹੈ ਕਿ ਇਹ ਜਾਣਕਾਰੀ ਫਾਇਲ ਉੱਪਰ ਦਰਜ ਕੀਤੀ ਗਈ ਹੈ।

ਜਿੱਥੇ ਕਰਾਊਨ ਕੌਂਸਲ ਚਾਰਜ ਦੀ ਮਨਜ਼ੂਰੀ ਤੋਂ ਬਾਅਦ ਇਹ ਨਿਸ਼ਚਿਤ ਕਰਦਾ ਹੈ ਕਿ ਕਥਿਤ ਦੋਸ਼ੀ ਦੀ ਪਛਾਣ ਇਕ ਆਦਿਵਾਸੀ ਵਿਅਕਤੀ ਵਜੋਂ ਹੁੰਦੀ ਹੈ ਤਾਂ ਉਸ ਨੂੰ ਇਸ ਜਾਣਕਾਰੀ ਨੂੰ ਵਿਚਾਰਨਾ ਚਾਹੀਦਾ ਹੈ ਅਤੇ ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਕੀ ਜਨਤਕ ਹਿੱਤਾਂ ਲਈ ਮੁਕੱਦਮੇ ਦੀ ਲੋੜ ਹੈ ਜਾਂ ਨਹੀਂ।

## ਸਬੂਤਾਂ ਦਾ ਵਿਸ਼ੇਸ਼ ਟੈੱਸਟ – ਦੋਸ਼ ਸਿੱਧ ਹੋਣ ਦੀ ਵਾਜਬ ਸੰਭਾਵਨਾ

ਵਿਸ਼ੇਸ਼ ਹਾਲਤਾਂ ਵਿਚ, ਜਿੱਥੇ ਲੋਕਾਂ ਨਾਲ ਸੰਬੰਧਿਤ ਪੱਖ ਮੁਕੱਦਮੇ ਦੇ ਹੱਕ ਵਿਚ ਇੰਨੇ ਭਾਰੂ ਹੋਣ ਕਿ ਕ੍ਰਿਮੀਨਲ ਜਸਟਿਸ ਨੂੰ ਲਾਗੂ ਕਰਨ ਵਿਚ ਲੋਕਾਂ ਦੇ ਭਰੋਸੇ ਨੂੰ ਕਾਇਮ ਰੱਖਣ ਲਈ ਚਾਰਜ ਅਸੈੱਸਮੈਂਟ ਦੇ ਮਿਆਰ ਨੂੰ ਨੀਂਵਾਂ ਕਰਨਾ ਜ਼ਰੂਰੀ ਹੋਵੇ, ਉੱਥੇ ਚਾਰਜ ਫਿਰ ਵੀ ਮਨਜ਼ੂਰ ਕੀਤਾ ਜਾ ਸਕਦਾ ਹੈ ਭਾਵੇਂ ਕਿ ਸਬੂਤਾਂ ਦਾ ਆਮ ਟੈੱਸਟ ਅਜੇ ਪੂਰਾ ਨਾ ਵੀ ਹੁੰਦਾ ਹੋਵੇ। ਅਜਿਹੇ ਕੇਸਾਂ ਵਿਚ ਕਰਾਊਨ ਕੌਂਸਲ ਲਈ ਖਾਸ ਤੌਰ ’ਤੇ ਸਾਵਧਾਨੀ ਵਰਤਣਾ ਜ਼ਰੂਰੀ ਹੁੰਦਾ ਹੈ ਕਿਉਂਕਿ ਉਪਲਬਧ ਸੂਬਤਾਂ ਦੀ ਕਿਸਮ ਜਾਂ ਕੁਆਲਟੀ ਜਾਂ ਚਾਰਜ ਅਸੈੱਸਮੈਂਟ ਦਾ ਮਿਆਰ ਘਟਾਉਣ ਨੂੰ ਠੀਕ ਸਿੱਧ ਕਰਨ ਵਾਲੀਆਂ ਵਿਸ਼ੇਸ਼ ਹਾਲਤਾਂ (ਉਦਾਹਰਣ ਲਈ, ਜੁਰਮ ਦੀ ਗੰਭੀਰਤਾ, ਕਥਿਤ ਦੋਸ਼ੀ ਦੀ ਪਛਾਣ, ਜਾਂ ਜੁਰਮ ਬਾਰੇ ਲੋਕਾਂ ਦੇ ਗੁੱਸੇ ਦਾ ਪੱਧਰ) ਬੇਇਨਸਾਫੀ ਹੋਣ ਦਾ ਖਤਰਾ ਬਹੁਤ ਜ਼ਿਆਦਾ ਵਧਾ ਸਕਦੀਆਂ ਹਨ। ਅਜਿਹੀਆਂ ਹਾਲਤਾਂ ਹੇਠ, ਸਬੂਤਾਂ ਦਾ ਘੱਟੋ ਘੱਟ ਮਿਆਰ, ਜਿਹੜਾ ਮੁਕੱਦਮੇ ਦੀ ਸਾਰੀ ਕਾਰਵਾਈ ਦੌਰਾਨ ਲਾਗੂ ਹੋਣਾ ਜਾਰੀ ਰਹਿੰਦਾ ਹੈ ਇਹ ਹੈ ਕਿ ਕੀ ਦੋਸ਼ ਸਿੱਧ ਹੋਣ ਦੀ ਵਾਜਬ ਸੰਭਾਵਨਾ ਹੈ ਜਾਂ ਨਹੀਂ।

ਦੋਸ਼ ਸਿੱਧ ਹੋਣ ਦੀ ਵਾਜਬ ਸੰਭਾਵਨਾ ਲਈ ਕਥਿਤ ਜੁਰਮ ਦੇ ਹਰ ਜ਼ਰੂਰੀ ਪੱਖ ’ਤੇ “ਕੁਝ ਸਬੂਤ” ਨਾਲੋਂ ਜ਼ਿਆਦਾ ਹੋਣ ਦੀ ਲੋੜ ਹੁੰਦੀ ਹੈ ਪਰ ਇਸ ਲਈ ਇਹ ਮੰਗ ਨਹੀਂ ਕੀਤੀ ਜਾਂਦੀ ਕਿ ਰਿਹਾਈ ਨਾਲੋਂ ਦੋਸ਼ੀ ਸਿੱਧ ਹੋਣ ਦੀ ਜ਼ਿਆਦਾ ਸੰਭਾਵਨਾ ਹੋਵੇ। ਸ਼ਬਦ “ਵਾਜਬ” ਦਾ ਮਤਲਬ ਹੈ ਕਿ ਦਲੀਲ ’ਤੇ ਆਧਾਰਿਤ; ਤਰਕਸ਼ੀਲ; ਕਾਲਪਨਿਕ ਦੇ ਮੁਕਾਬਲੇ ਯਥਾਰਥਕ। “ਸੰਭਾਵਨਾ” ਮੂਹਰੇ ਦੇਖਣਾ ਹੈ। ਇਸ ਵਿਚ ਪਿਛਲੇ ਤਜਰਬੇ ਅਤੇ ਆਮ ਸੂਝ ਨਾਲ ਸੰਭਾਵੀ ਨਤੀਜੇ ਦੀ ਉਮੀਦ ਸ਼ਾਮਲ ਹੈ। ਜੇ ਤਜਰਬੇਕਾਰ ਕਰਾਊਨ ਕੌਂਸਲ, ਜਿਸ ਕੋਲ ਸਾਰੇ ਸੰਬੰਧਿਤ ਤੱਥਾਂ ਦੀ ਜਾਣਕਾਰੀ ਹੋਵੇ, ਅਤੇ ਉਹ ਇਸ ਗੱਲ ਤੋਂ ਸੰਤੁਸ਼ਟ ਹੋਵੇ ਕਿ ਕਾਨੂੰਨ ਮੁਤਾਬਕ ਦੋਸ਼ ਸਿੱਧ ਕਰਨ ਲਈ ਤਰਕਸ਼ੀਲ ਅਤੇ ਯਥਾਰਥਕ ਆਧਾਰ ਮੌਜੂਦ ਹੈ ਤਾਂ “ਦੋਸ਼ ਸਿੱਧ ਹੋਣ ਦੀ ਵਾਜਬ ਸੰਭਾਵਨਾ” ਮੌਜੂਦ ਹੁੰਦੀ ਹੈ।

ਇਹ ਫੈਸਲਾ ਕਰਨ ਲਈ ਕਿ ਕੀ ਇਹ ਟੈੱਸਟ ਸੰਤੁਸ਼ਟੀ ਵਾਲਾ ਹੈ ਜਾਂ ਨਹੀਂ, ਕਰਾਊਨ ਕੌਂਸਲ ਲਈ ਅੱਗੇ ਲਿਖੇ ਪੱਖਾਂ ਨੂੰ ਵਿਚਾਰਨਾ ਜ਼ਰੂਰੀ ਹੈ:

- ਮੁਕੱਦਮੇ ਲਈ ਕਿਹੜਾ ਸਬੂਤ ਦਲੀਲ ਤਰਕ ਨਾਲ ਪ੍ਰਵਾਨ ਹੋਣ ਯੋਗ ਹੈ ਅਤੇ ਉਪਲਬਧ ਹੈ
- ਪ੍ਰਵਾਨ ਹੋਣ ਯੋਗ ਸਬੂਤਾਂ ਦੀ ਯਥਾਰਥਕ ਵਿਸ਼ਵਾਸਯੋਗਤਾ
- ਕੀ ਸਬੂਤ ਸਫਾਈ ਪੱਖ ਵਲੋਂ ਰੱਦ ਨਾ ਹੋ ਸਕਣ ਵਾਲੀ ਕਿਸੇ ਸਫਾਈ ਦੇ ਦਾਬੇ ਵਿਚ ਹੈ

ਸਬੂਤਾਂ ਦੀ ਪੜਚੋਲ ਕਰਨ ਵੇਲੇ, ਕਰਾਊਨ ਕੌਂਸਲ ਨੂੰ ਇਹ ਫਰਜ਼ ਕਰਨਾ ਚਾਹੀਦਾ ਹੈ ਕਿ ਮੁਕੱਦਮਾ ਇਨਸਾਫ ਪਸੰਦ ਅਤੇ ਨਿਰਪੱਖ ਜੱਜ ਜਾਂ ਜਿਊਰੀ ਦੇ ਅੱਗੇ ਚੱਲੇਗਾ ਜੋ ਕਿ ਕਾਨੂੰਨ ਮੁਤਾਬਕ ਕੰਮ ਕਰਨਗੇ, ਅਤੇ ਉਸ ਨੂੰ ਸਬੂਤਾਂ ਦੀ ਅਹਿਮੀਅਤ ਜਾਂ ਭਰੋਸੇਯੋਗਤਾ ਨੂੰ ਜੱਜ ਜਾਂ ਜਿਊਰੀ ਦੇ ਵਿਚਾਰਾਂ ਦੀ ਥਾਂ ਆਪਣੇ ਨਿੱਜੀ ਵਿਚਾਰਾਂ ਨਾਲ ਦੇਖ ਕੇ ਜੱਜ ਜਾਂ ਜਿਊਰੀ ਦੇ ਰੋਲ ਨੂੰ ਖੋਹਣਾ ਨਹੀਂ ਚਾਹੀਦਾ।

ਜਿੱਥੇ ਕਰਾਊਨ ਕੌਂਸਲ ਇਹ ਸਿੱਟਾ ਕੱਢਦਾ ਹੈ ਕਿ ਕ੍ਰਿਮੀਨਲ ਜਸਟਿਸ ਨੂੰ ਲਾਗੂ ਕਰਨ ਵਿਚ ਲੋਕਾਂ ਦੇ ਭਰੋਸੇ ਨੂੰ ਕਾਇਮ ਰੱਖਣ ਲਈ ਚਾਰਜ ਅਸੈੱਸਮੈਂਟ ਦੇ ਮਿਆਰ ਨੂੰ ਨੀਂਵਾਂ ਕਰਨਾ ਜ਼ਰੂਰੀ ਹੈ, ਉੱਥੇ ਕਰਾਊਨ ਕੌਂਸਲ ਨੂੰ ਚਾਰਜ ਅਸੈੱਸਮੈਂਟ ਪੂਰੀ ਕਰਨ ਤੋਂ ਪਹਿਲਾਂ ਰੀਜਨਲ ਕਰਾਊਨ ਕੌਂਸਲ ਜਾਂ ਡਾਇਰੈਕਟਰ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ। ਕਰਾਊਨ ਕੌਂਸਲ ਲਈ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ ਕਿ ਫੈਸਲਾ ਫਾਇਲ ਵਿਚ ਨੋਟ ਕੀਤਾ ਗਿਆ ਹੈ।

## ਮੌਤ ਨਾਲ ਸੰਬੰਧਿਤ ਕੇਸ ਅਤੇ ਨਿਆਂ ਕਰਨ ਲਈ ਮਹੱਤਵਪੂਰਨ ਫਿਕਰ

ਕਰਾਊਨ ਕੌਂਸਲ ਲਈ ਕਰਾਊਨ ਕੌਂਸਲ (ਆਰ ਸੀ ਸੀ) ਨੂੰ ਮਿਲੀ ਕਿਸੇ ਵੀ ਰਿਪੋਰਟ ਬਾਰੇ ਪ੍ਰਬੰਧਕੀ ਕਰਾਊਨ ਕੌਂਸਲ ਨੂੰ ਦੱਸਣਾ ਜ਼ਰੂਰੀ ਹੈ:

- ਜਿੱਥੇ ਇਹ ਦੋਸ਼ ਹੈ ਕਿ ਕੋਈ ਵਿਅਕਤੀ ਮੌਤ ਲਈ ਜ਼ਿੰਮੇਵਾਰ ਹੈ
- ਕਿਸੇ ਵੀ ਗੰਭੀਰ ਦੋਸ਼ ਲਈ ਜਿਸ ਦੇ ਸੰਬੰਧ ਵਿਚ ਨਿਆਂ ਹੋਣ ਬਾਰੇ ਲੋਕਾਂ ਦਾ ਮਹੱਤਵਪੂਰਨ ਫਿਕਰ ਹੈ ਜਾਂ ਮਹੱਤਵਪੂਰਨ ਫਿਕਰ ਹੋਣ ਦੀ ਸੰਭਾਵਨਾ ਹੈ

ਅਜਿਹੇ ਕੇਸਾਂ ਵਿਚ, ਚਾਰਜ ਅਸੈੱਸਮੈਂਟ ਪੂਰੀ ਕਰਨ ਤੋਂ ਪਹਿਲਾਂ ਪ੍ਰਬੰਧਕੀ ਕਰਾਊਨ ਕੌਂਸਲ ਨੂੰ ਰੀਜਨਲ ਕਰਾਊਨ ਕੌਂਸਲ, ਡਾਇਰੈਕਟਰ ਜਾਂ ਉਸ ਦੇ ਸੰਬੰਧਿਤ ਡਿਪਟੀ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ।

## ਪ੍ਰੈਕਟਿਸ ਦੇ ਮਾਮਲੇ

ਚਾਰਜ ਅਸੈੱਸਮੈਂਟ ਦਾ ਮਿਆਰ ਲਾਗੂ ਕਰਨ ਵੇਲੇ, ਕਰਾਊਨ ਕੌਂਸਲ ਨੂੰ ਇਹ ਕਰਨਾ ਚਾਹੀਦਾ ਹੈ:

- ਚਾਰਜ ਅਸੈੱਸਮੈਂਟ ਦਾ ਫੈਸਲਾ ਸਮੇਂ ਸਿਰ ਕਰਨਾ ਚਾਹੀਦਾ ਹੈ, ਫੈਸਲੇ ਨੂੰ ਤੇਜ਼ ਕਰਨ ਦੀ ਲੋੜ ਨੂੰ ਸਮਝਦੇ ਹੋਏ ਜਦੋਂ ਕਥਿਤ ਦੋਸ਼ੀ ਜੇਲ੍ਹ ਵਿਚ ਹੋਵੇ, ਜਦੋਂ ਆਰ ਸੀ ਸੀ ਨੇ ਵਾਰੰਟ ਮੰਗੇ ਹੋਣ, ਜਾਂ ਜਦੋਂ ਚਾਰਜ ਵਿਚ ਹਿੰਸਾ ਦੇ ਦੋਸ਼ ਸ਼ਾਮਲ ਹੋਣ
- ਗੰਭੀਰ ਕੇਸਾਂ ਵਿਚ, ਜਾਂ ਜਿਨ੍ਹਾਂ ਕੇਸਾਂ ਵਿਚ ਲੋਕਾਂ ਦੇ ਫਿਕਰਾਂ ਦੀ ਵੱਡੇ ਪੱਧਰ 'ਤੇ ਪ੍ਰਭਾਵਿਤ ਹੋਣ ਦੀ ਸੰਭਾਵਨਾ ਹੋਵੇ, ਜੇ ਅਜਿਹਾ ਕਰਨਾ ਔਖਾ ਨਾ ਹੋਵੇ ਤਾਂ ਅਗਾਊਂ ਹੀ ਪੁਲੀਸ ਵਲੋਂ ਸਿਫਾਰਸ਼ ਕੀਤੇ ਗਏ ਚਾਰਜ ਨੂੰ ਮਨਜ਼ੂਰ ਨਾ ਕਰਨ ਦੇ ਇਰਾਦੇ ਬਾਰੇ ਪੁਲੀਸ ਨਾਲ ਵਿਚਾਰ ਕਰਨੀ ਚਾਹੀਦੀ ਹੈ
- ਚਾਰਜ ਅਸੈੱਸਮੈਂਟ ਦੇ ਕਿਸੇ ਵੀ ਉਸ ਫੈਸਲੇ ਲਈ ਜਿਹੜਾ ਪੁਲੀਸ ਦੀ ਸਿਫਾਰਸ਼ ਨਾਲ ਮਤਭੇਦ ਵਾਲਾ ਹੋਵੇ, ਫੈਸਲੇ ਨੂੰ ਪੂਰੀ ਤਰ੍ਹਾਂ ਸਮਝਾਉਣ ਲਈ ਕਾਰਨਾਂ ਨੂੰ ਕਾਫੀ ਵਿਸਥਾਰ ਵਿਚ ਰਿਕਾਰਡ ਕਰਨਾ ਚਾਹੀਦਾ ਹੈ ਅਤੇ ਇਸ ਦਾ ਰਿਵੀਊ ਹੋਣ ਦੇਣਾ ਚਾਹੀਦਾ ਹੈ ਜੇ ਪਾਲਸੀ ਮੁਤਾਬਕ ਇਸ ਦੀ ਮੰਗ ਕੀਤੀ ਜਾਂਦੀ ਹੈ
- ਜਦੋਂ ਢੁਕਵਾਂ ਹੋਵੇ, ਫੈਸਲਾ ਪ੍ਰਭਾਵਿਤ ਲੋਕਾਂ ਨੂੰ ਦੱਸਣਾ ਚਾਹੀਦਾ ਹੈ, ਸਮੇਤ ਪੁਲੀਸ ਦੇ ਤਾਂ ਜੋ ਉਹ ਚਾਰਜ ਅਸੈੱਸਮੈਂਟ ਲਈ ਕਾਰਨਾਂ ਨੂੰ ਸਮਝ ਸਕਣ
- ਜਦੋਂ ਕੇਸਾਂ ਵਿਚ, ਤਜਵੀਜ਼ਸ਼ੁਦਾ ਚਾਰਜ ਗੰਭੀਰ ਹੋਣ ਅਤੇ ਇਨ੍ਹਾਂ ਨੂੰ ਪੈਦਾ ਕਰਨ ਵਾਲੇ ਵਤੀਰੇ ਵੱਲ ਲੋਕਾਂ ਵਲੋਂ ਕਾਫੀ ਧਿਆਨ ਦਿੱਤੇ ਜਾਣ ਦੀ ਸੰਭਾਵਨਾ ਹੋਵੇ, ਤਾਂ ਚਾਰਜ ਅਸੈੱਸਮੈਂਟ ਬਾਰੇ ਰੀਜਨਲ ਕਰਾਊਨ ਕੌਂਸਲ, ਡਾਇਰੈਕਟਰ ਜਾਂ ਉਸ ਦੇ ਸੰਬੰਧਿਤ ਡਿਪਟੀ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ ਤਾਂ ਜੋ ਇਹ ਵਿਚਾਰ ਹੋ ਸਕੇ ਕਿ ਕੀ ਚਾਰਜ ਅਸੈੱਸਮੈਂਟ ਬਾਰੇ ਲੋਕਾਂ ਨੂੰ ਜਾਣਕਾਰੀ ਦੇਣ ਲਈ ਸਪਸ਼ਟ ਬਿਆਨ ਦੇਣ ਦੀ ਲੋੜ ਹੈ ਜਾਂ ਨਹੀਂ

## ਆਰ ਸੀ ਸੀ ਦੇ ਫਾਰਮ ਅਤੇ ਸਾਮੱਗਰੀ

ਕਰਾਊਨ ਕੌਂਸਲ ਲਈ ਚਾਰਜ ਅਸੈੱਸਮੈਂਟ ਦਾ ਫੈਸਲਾ ਪੂਰੀ ਤਰ੍ਹਾਂ ਜਾਣਕਾਰੀ ਲੈ ਕੇ ਅਤੇ ਢੁਕਵਾਂ ਕਰਨ ਦੇ ਯੋਗ ਹੋਣ ਲਈ, ਆਰ ਸੀ ਸੀ ਵਿਚ ਪੁਲੀਸ ਵਲੋਂ ਸਿਫਾਰਸ਼ ਕੀਤੇ ਗਏ ਚਾਰਜਾਂ ਦੀ ਹਿਮਾਇਤ ਵਿਚ ਉਪਲਬਧ ਸਬੂਤਾਂ ਦਾ ਸਹੀ ਅਤੇ ਮੁਕੰਮਲ ਵੇਰਵਾ ਦੇਣਾ ਜ਼ਰੂਰੀ ਹੈ। ਫਾਰਮ ਅਤੇ ਸਾਮੱਗਰੀ ਵਿਚ, ਆਰ ਸੀ ਸੀ ਅਤੇ ਇਸ ਦੀਆਂ ਅਟੈਚਮੈਂਟਸ ਲਈ ਬੀ ਸੀ ਪ੍ਰੌਸੀਕਿਊਸ਼ਨ ਸਰਵਿਸ ਅਤੇ ਪੁਲੀਸ ਵਿਚਕਾਰ ਜ਼ਾਹਰ ਕੀਤੀ ਜਾਣ ਵਾਲੀ ਸਾਮੱਗਰੀ ਦੇ ਤਬਾਦਲੇ ਬਾਰੇ ਕਿਸੇ ਵੀ ਐਗਰੀਮੈਂਟ ਜਾਂ ਸਮਝ ਦੀਆਂ ਸ਼ਰਤਾਂ ਅਤੇ ਹਾਲਤਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ।

ਕਿਸੇ ਖਾਸ ਫਾਇਲ ਬਾਰੇ ਪੁਲੀਸ ਅਤੇ ਕਰਾਊਨ ਕੌਂਸਲ ਵਿਚਕਾਰ ਪਹਿਲਾਂ ਹੀ ਹੋਏ ਖਾਸ ਪ੍ਰਬੰਧਾਂ ਦੀ ਸਹਿਮਤੀ ਮੁਤਾਬਕ, ਜੇ

ਆਰ ਸੀ ਸੀ ਜ਼ਾਹਰ ਕੀਤੀ ਜਾਣ ਵਾਲੀ ਸਾਮੱਗਰੀ ਦੇ ਤਬਾਦਲੇ ਬਾਰੇ ਲਾਗੂ ਹੋਣ ਵਾਲੇ ਐਗਰੀਮੈਂਟ ਜਾਂ ਸਮਝ ਦੀ ਪਾਲਣਾ ਨਹੀਂ ਕਰਦੀ ਤਾਂ ਕਰਾਊਨ ਕੌਂਸਲ ਨੂੰ ਕੋਈ ਚਾਰਜ ਅਸੈੱਸਮੈਂਟ ਕੀਤੇ ਬਿਨਾਂ ਆਰ ਸੀ ਸੀ ਪੁਲੀਸ ਨੂੰ ਵਾਪਸ ਕਰ ਦੇਣੀ ਚਾਹੀਦੀ ਹੈ। ਅਜਿਹਾ ਕਰਨ ਵੇਲੇ ਕਰਾਊਨ ਕੌਂਸਲ ਨੂੰ ਪੁਲੀਸ ਨੂੰ ਇਹ ਦੱਸਣਾ ਚਾਹੀਦਾ ਹੈ ਕਿ ਖਾਸ ਤੌਰ ’ਤੇ ਕਿਹੜੀ ਚੀਜ਼ ਦੀ ਘਾਟ ਹੈ।